multicultural health communication

NSW GOVERNMENT | Health

Punjabi
[DOH-7105]

# ਕਲਾਮਾਈਡੀਆ
# (Chlamydia)

### ਕਲਾਮਾਈਡੀਆ ਕੀ ਹੈ ?

ਕਲਾਮਾਈਡੀਆ ਅਜਿਹੀ ਛੂਤ ਹੈ ਜੋ ਸੰਭੋਗ ਨਾਲ ਫੈਲਦੀ ਹੈ ਅਤੇ ਇਹ ਛੂਤ ਮਰਦਾਂ ਅਤੇ ਇਸਤਰੀਆਂ ਦੋਹਾਂ ਨੂੰ ਲੱਗ ਸਕਦੀ ਹੈ। ਇਸ ਬੈਕਟੀਰੀਆ ਤੋਂ ਪੀੜਿਤ ਬਹੁਤੇ ਵਿਅਕਤੀਆਂ ਵਿੱਚ ਇਸ ਛੂਤ ਦੇ ਕੋਈ ਲੱਛਣ ਵਿਖਾਈ ਨਹੀਂ ਦਿੰਦੇ ਪਰੰਤੂ ਫਿਰ ਵੀ ਉਹ ਇਸ ਬੈਕਟੀਰੀਆ ਨੂੰ ਅੱਗੇ ਹੋਰਨਾਂ ਵਿਅਕਤੀਆਂ ਵਿੱਚ ਫੈਲਾ ਸਕਦੇ ਹਨ। ਕਲਾਮਾਈਡੀਆ; ਮੂਤਰ ਨਲੀ (urethra), ਬੱਚੇਦਾਨੀ ਦੀ ਗਰਦਨ (cervix), ਗੁਦਾ (rectum & anus), ਗਲਾ ਅਤੇ ਅੱਖਾਂ ਨੂੰ ਰੋਗਗ੍ਰਸਤ ਕਰ ਸਕਦਾ ਹੈ। ਕਲਾਮਾਈਡੀਆ ਦੀ ਛੂਤ ਨਾਲ ਕਈ ਕਿਸਮ ਦੀਆਂ ਗੁੰਝਲਾਂ ਪੈਦਾ ਹੋ ਸਕਦੀਆਂ ਹਨ ਪਰੰਤੂ ਇਸ ਦੀ ਰੋਕਥਾਮ ਸੰਭਵ ਹੈ।

### ਤੁਹਾਨੂੰ ਕਲਾਮਾਈਡੀਆ ਦੀ ਛੂਤ ਕਿਵੇਂ ਲਗਦੀ ਹੈ?

ਕਲਾਮਾਈਡੀਆ ਦੀ ਛੂਤ ਕਿਸੇ ਅਜਿਹੇ ਵਿਅਕਤੀ ਨਾਲ ਸੰਭੋਗ ਕਰਨ ਨਾਲ ਫੈਲਦੀ ਹੈ ਜੋ ਪਹਿਲਾਂ ਤੋਂ ਹੀ ਇਸ ਛੂਤ ਤੋਂ ਪੀੜਿਤ ਹੋਵੇ।
ਕਲਾਮੀਡੀਆ ਦਾ ਰੋਗ ਲੱਗਣ ਦਾ ਇਨ੍ਹਾਂ ਨੂੰ ਵਧੇਰੇ ਹੁੰਦਾ ਹੈ :

- ਅਜਿਹੇ ਨੌਜਵਾਨ ਮੁੰਡੇ ਅਤੇ ਕੁੜੀਆਂ ਜੋ ਸੰਭੋਗ ਲਈ ਸਰਗਰਮ ਰਹਿੰਦੇ ਹਨ।
- ਅਜਿਹਾ ਕੋਈ ਵੀ ਵਿਅਕਤੀ ਜਿਸਨੇ ਹੁਣੇ ਜਿਹੇ ਆਪਣੇ ਸੰਭੋਗ ਭਾਈਵਾਲ ਨੂੰ ਬਦਲਿਆ ਹੈ।
- ਅਜਿਹਾ ਕੋਈ ਵੀ ਵਿਅਕਤੀ ਜਿਸਨੂੰ ਹਾਲ ਹੀ ਵਿੱਚ ਕੋਈ ਹੋਰ ਅਜਿਹਾ ਰੋਗ ਸੀ ਜਿਸ ਦੀ ਛੂਤ ਸੰਭੋਗ ਰਾਹੀਂ ਫੈਲਦੀ ਹੈ।

### ਤੁਹਾਨੂੰ ਇਹ ਕਿਵੇਂ ਪਤਾ ਚਲਦਾ ਹੈ ਕਿ ਤੁਸੀਂ ਕਲਾਮਾਈਡੀਆ ਦੀ ਛੂਤ ਤੋਂ ਪੀੜਿਤ ਹੋ ?

ਇਸ ਰੋਗ ਦੇ ਲੱਛਣ ਇਸ ਦੀ ਛੂਤ ਲੱਗਣ ਦੇ ੨-੧੪ ਦਿਨਾਂ ਵਿੱਚ ਉਜਾਗਰ ਹੁੰਦੇ ਹਨ। ਇੱਕ ਵਿਅਕਤੀ ਕਲਾਮਾਈਡੀਆ ਦੀ ਛੂਤ ਤੋਂ ਕਈ ਮਹੀਨੇ ਜਾਂ ਕਈ ਸਾਲਾਂ ਤੱਕ ਪੀੜਿਤ ਰਹਿ ਸਕਦਾ ਹੈ ਅਤੇ ਉਸ ਨੂੰ ਉਸ ਬਾਰੇ ਪਤਾ ਵੀ ਨਹੀਂ ਹੁੰਦਾ।

### ਮਹਿਲਾਵਾਂ ਵਿੱਚ

ਜੇ ਇੱਕ ਮਹਿਲਾ ਨੂੰ ਕਲਾਮਾਈਡੀਆ ਦੀ ਛੂਤ ਲੱਗ ਚੁੱਕੀ ਹੈ ਤਾਂ ਉਹ ਇਹ ਗੱਲਾਂ ਨੋਟ ਕਰ ਸਕਦੀ ਹੈ :

- ਪੇਡੂ (ਪੇਟ ਦਾ ਹੇਠਲਾ ਹਿੱਸਾ) ਵਿੱਚ ਮਰੋੜ ਜਾਂ ਦਰਦ
- ਮਾਹਵਾਰੀ ਵਿੱਚ ਤਬਦੀਲੀਆਂ
- ਪਿਸ਼ਾਬ ਕਰਦੇ ਸਮੇਂ ਦਰਦ
- ਸੰਭੋਗ ਦੌਰਾਨ ਜਾਂ ਉਸ ਦੇ ਮਗਰੋਂ ਖ਼ੂਨ ਵਹਿਣਾ ਜਾਂ ਦਰਦ ਹੋਣਾ
- ਉਸਦੀ ਯੋਨੀ ਵਿਚੋਂ ਹੋਣ ਵਾਲੇ ਨਿਕਾਸ ਵਿੱਚ ਤਬਦੀਲੀ

### ਮਰਦਾਂ ਵਿੱਚ

ਜੇ ਇੱਕ ਮਰਦ ਨੂੰ ਕਲਾਮਾਈਡੀਆ ਦੀ ਛੂਤ ਲੱਗ ਚੁੱਕੀ ਹੈ ਤਾਂ ਉਹ ਇਹ ਗੱਲਾਂ ਨੋਟ ਕਰ ਸਕਦਾ ਹੈ :

- ਲਿੰਗ ਵਿਚੋਂ ਤਰਲ ਪਦਾਰਥ ਦਾ ਨਿਕਾਸ
- ਪਿਸ਼ਾਬ ਕਰਦੇ ਸਮੇਂ ਦਰਦ
- ਪਤਾਲੂਆਂ ਵਿੱਚ ਸੋਜ ਅਤੇ ਉਨ੍ਹਾਂ ਦਾ ਫੋੜੇ ਵਾਂਗ ਦੁਖਣਾ

### ਮਰਦਾਂ ਅਤੇ ਮਹਿਲਾਵਾਂ ਵਿੱਚ

ਗੁਦਾ ਦੀ ਛੂਤ ਲੱਗ ਸਕਦੀ ਹੈ ਪਰੰਤੂ ਛੇਤੀ ਕਿਤੇ ਇਸਦਾ ਪਤਾ ਨਹੀਂ ਲਗਦਾ। ਕਿਸੇ-ਕਿਸੇ ਵੇਲੇ ਗੁਦਾ ਵਿੱਚ ਦਰਦ ਹੋ ਸਕਦਾ ਹੈ ਅਤੇ ਉਸ ਵਿੱਚੋਂ ਤਰਲ ਪਦਾਰਥ ਰਿਸ ਸਕਦਾ ਹੈ।

### ਕੀ ਕਲਾਮੀਡੀਆ ਲਈ ਕੋਈ ਟੈਸਟ ਹੈ ?

ਕਲਾਮਾਈਡੀਆ ਦੀ ਤਸ਼ਖ਼ੀਸ (diagnose) ਤੁਹਾਡੇ ਸਥਾਨਕ ਡਾੱਕਟਰ ਜਾਂ ਲਿੰਗਕ ਸਿਹਤ ਕਲੀਨਿਕ (sexual health clinic) ਵੱਲੋਂ ਕੀਤੀ ਜਾ ਸਕਦੀ ਹੈ। ਡਾੱਕਟਰ ;ਮੂਤਰ ਨਾਲੀ, ਬੱਚੇਦਾਨੀ ਦੀ ਗਰਦਨ, ਜਾਂ ਗੁਦਾ ਤੋਂ 'ਸਵੈਬ' (swab), ਜਾਂ ਪਿਸ਼ਾਬ ਦਾ ਸੈਂਪਲ ਲਵੇਗਾ। ਕਲਾਮਾਈਡੀਆ ਲਈ ਤਦ ਪ੍ਰਯੋਗਸ਼ਾਲਾ ਵਿੱਚ ਉਸ ਸਵੈਬ ਜਾਂ ਪਿਸ਼ਾਬ ਦਾ ਪਰੀਖਣ ਕੀਤਾ ਜਾਵੇਗਾ।

### ਕਲਾਮਾਈਡੀਆ ਦਾ ਇਲਾਜ ਕੀ ਹੈ ?

ਕਲਾਮਾਈਡੀਆ ਦਾ ਇਲਾਜ ਆਸਾਨੀ ਨਾਲ ਐਂਟੀਬਾਇਓਟਿਕਸ ਰਾਹੀਂ ਕੀਤਾ ਜਾ ਸਕਦਾ ਹੈ। ਇਸ ਦਾ ਟੈਸਟ ਅਤੇ ਇਲਾਜ ਕਰਵਾਉਣ ਲਈ ਤੁਹਾਨੂੰ ਆਪਣੇ ਡਾੱਕਟਰ ਜਾਂ ਲਿੰਗਕ ਸਿਹਤ ਕਲੀਨਿਕ (sexual health clinic) ਜਾਣ ਦੀ ਲੋੜ ਹੁੰਦੀ ਹੈ। ਜੇ ਲੱਛਣ ਪਰਤ ਆਉਣ ਤਾਂ ਆਪਣੇ ਡਾੱਕਟਰ ਜਾਂ ਲਿੰਗਕ ਸਿਹਤ ਕਲੀਨਿਕ ਦੁਬਾਰਾ ਜਾਓ।

ਇਸ ਰੋਗ ਵਿੱਚ ਇਹ ਅਹਿਮ ਹੈ ਕਿ ਤੁਸੀਂ ਐਂਟੀਬਾਇਓਟਿਕਸ ਦਾ ਕੋਰਸ ਪੂਰਾ ਕਰੋ, ਚਾਹੇ ਲੱਛਣ ਠੀਕ ਹੋਏ ਕਿਉਂ ਨਾ ਜਾਪਣ ਕਿਉਂਕਿ ਹੋ ਸਕਦਾ ਹੈ ਕਿ ਕਲਾਮਾਈਡੀਆ ਬੈਕਟੀਰੀਆ ਪੂਰੀ ਤਰ੍ਹਾਂ ਨਾ ਮਰੇ ਹੋਣ। ਇਹ ਵੀ ਅਹਿਮ ਹੈ ਕਿ ਇਲਾਜ ਸ਼ੁਰੂ ਹੋਣ ਮਗਰੋਂ ਘੱਟੋ-ਘੱਟ ੭ ਦਿਨਾਂ ਤੱਕ ਸੰਭੋਗ ਨਾ ਕੀਤਾ ਜਾਵੇ ਕਿਉਂਕਿ ਛੂਤ ਤਦ ਤੱਕ ਫੈਲ ਸਕਦੀ ਹੈ।

### ਕੀ ਕੋਈ ਗੁੰਝਲ ਵੀ ਹੈ ?

ਹਾਂ, ਜੇ ਕਲਾਮਾਈਡੀਆ ਦਾ ਠੀਕ ਤਰ੍ਹਾਂ ਇਲਾਜ ਨਾ ਕੀਤਾ ਜਾਵੇ ਤਾਂ ਗੰਭੀਰ ਕਿਸਮ ਦੀਆਂ ਗੁੰਝਲਾਂ ਵੀ ਪੈਦਾ ਹੋ ਸਕਦੀਆਂ ਹਨ।

ਮਹਿਲਾਵਾਂ ਵਿੱਚ ਇਹ ਗੁੰਝਲਾਂ ਪੈਦਾ ਹੋ ਸਕਦੀਆਂ ਹਨ :

- ਪੇਡੂ ਵਿੱਚ ਜਲਣ ਦਾ ਰੋਗ (Pelvic inflammatory disease)। ਇਹ ਉਦੋਂ ਹੁੰਦਾ ਹੈ ਜਦੋਂ ਪੇਡੂ ਵਿੱਚ ਸਥਿਤ ਜਣਨ ਅੰਗ ਲਾਲ ਹੋ ਜਾਂਦੇ ਹਨ ਅਤੇ ਉਨ੍ਹਾਂ ਵਿੱਚ ਜਲਣ ਹੋਣ ਲਗਦੀ ਹੈ ;
- ਪੇਡੂ ਵਿੱਚ ਚਿਪਕਾਅ ਅਤੇ ਪੇਡੂ ਦਾ ਪੁਰਾਣਾ ਦਰਦ ;
- ਫੈਲੋਪੀਅਨ ਟਿਊਬਾਂ ਦੇ ਨਸ਼ਟ ਹੋਣ ਨਾਲ (ਊਤਕਾਂ ਵਿੱਚ ਜ਼ਖ਼ਮ ਨਾਲ) ਬਾਂਝਪਣ ;
- ਗਰਭ ਬੱਚੇਦਾਨੀ ਦੀ ਥਾਂ ਫੈਲੋਪੀਅਨ ਟਿਊਬ ਵਿੱਚ ਹੀ ਠਹਿਰ ਜਾਂਦਾ ਹੈ (ectopic pregnancy)

ਮਰਦਾਂ ਵਿੱਚ ਇਹ ਗੁੰਝਲਾਂ ਪੈਦਾ ਹੋ ਸਕਦੀਆਂ ਹਨ :

- ਮੂਤਰ ਨਾਲੀ ਵਿੱਚ ਵਾਰ ਵਾਰ ਹੋਣ ਵਾਲੀ ਸੋਜ
- ਪਤਾਲੂਆਂ ਦੀ ਟਿਊਬ ਦੀ ਸੋਜ (epididymitis)

ਮਹਿਲਾਵਾਂ ਅਤੇ ਮਰਦਾਂ ਵਿੱਚ ਇਹ ਗੁੰਝਲਾਂ ਪੈਦਾ ਹੋ ਸਕਦੀਆਂ ਹਨ :

- ਮੂਤਰ ਨਾਲੀ ਵਿੱਚ ਵਾਰ ਵਾਰ ਹੋਣ ਵਾਲੀ ਸੋਜ
- ਅੱਖ ਦੀ ਝਿੱਲੀ ਦੀ ਸੋਜ (conjunctivitis and uveitis)
- ਗੁਦਾ ਵਿੱਚ ਜਲਣ (Proctitis)

### ਕੀ ਲਿੰਗਕ/ਸੰਭੋਗ ਭਾਈਵਾਲਾਂ ਨੂੰ ਇਲਾਜ ਦੀ ਲੋੜ ਹੁੰਦੀ ਹੈ ?

ਹਾਂ, ਜੇ ਤੁਹਾਨੂੰ ਕਲਾਮਾਈਡੀਆ ਦਾ ਰੋਗ ਹੈ ਤਾਂ ਤੁਹਾਨੂੰ ਆਪਣੇ ਉਨ੍ਹਾਂ ਸਾਰੇ ਲਿੰਗਕ/ਸੰਭੋਗ ਭਾਈਵਾਲਾਂ ਨੂੰ ਡਾੱਕਟਰ ਕੋਲ ਜਾਂ ਆਪਣੇ ਲਿੰਗਕ ਸਿਹਤ ਕਲੀਨਿਕ (sexual health clinic) ਜਾਣ ਅਤੇ ਪਰੀਖਣ ਅਤੇ ਇਲਾਜ ਕਰਵਾਉਣ ਦੀ ਸਲਾਹ ਦੇਣੀ ਚਾਹੀਦੀ ਹੈ ਜਿਨ੍ਹਾਂ ਨਾਲ ਤੁਹਾਡੇ ਲਿੰਗ ਸੰਬੰਧ ਰਹੇ ਹਨ।

### ਕਲਾਮਾਈਡੀਆ ਦੀ ਰੋਕਥਾਮ ਕਿਵੇਂ ਸੰਭਵ ਹੈ ?

ਯੋਨੀ ਜਾਂ ਗੁਦਾ ਸੰਭੋਗ ਵੇਲੇ ਕੰਡੋਮ ਦੀ ਵਰਤੋਂ ਨਾਲ ਕਲਾਮਾਈਡੀਆ ਅਤੇ ਸੰਭੋਗ ਰਾਹੀਂ ਫੈਲਣ ਵਾਲੇ ਹੋਰ ਰੋਗਾਂ ਤੋਂ ਰੋਕਥਾਮ ਕੀਤੀ ਜਾ ਸਕਦੀ ਹੈ। ਕੰਡੋਮ ਦੀ ਵਰਤੋਂ ਉਨ੍ਹਾਂ ਲਈ ਵਧੇਰੇ ਅਹਿਮ ਹੈ ਜਿਨ੍ਹਾਂ ਦੇ ਇੱਕ ਤੋਂ ਵੱਧ ਸੰਭੋਗ ਭਾਈਵਾਲ ਹਨ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ

**1300 066 055**

www.health.nsw.gov.au